**Module 3 – ਬਜਟ ਬਣਾਉਣਾ(Budgeting) ACTIVITY SHEET 3-6 ਆਪਣਾ ਨਿੱਜੀ ਬਜਟ ਬਣਾਉਣਾ (Making your own budget)**

**ਸਟੈਪ 1 -.** ਤਿਆਰੀ ਕਰੋ। ਜ਼ਰੂਰਤ ਅਨੁਸਾਰ ਸਾਰੇ ਪੇਪਰ ਇਕੱਠੇ ਕਰੋ। ਜਿਸ ਵਿੱਚ ਸ਼ਾਮਿਲ ਹੈ:

- ਆਮਦਨ ਦੀਆਂ ਰਸੀਦਾਂ (ਪੇ-ਸਟੱਬ)
- ਸਰਕਾਰੀ ਚੈਕਾਂ ਦੀਆ ਰਸੀਦਾਂ ਜਾਂ ਡਾਈਰੈਕਟ ਡਿਪੋਜ਼ਟ ਦੇ ਨੋਟਿਸ
- ਰਸੀਦਾਂ
- ਬਿਲ
- ਬੈਂਕ ਅਤੇ ਕਰੈਡਿਟ ਕਾਰਡ ਦੇ ਬਿਓਰੇ
- ਲੋਨ ਦੇ ਦਸਤਾਵੇਜ਼.

**ਸਟੈਪ 2 - ਆਮਦਨ.** ਇਕ ਮਹੀਨੇ ਦੀ ਸਾਰੀ ਆਮਦਨੀ ਦੇ ਸਾਧਨਾਂ ਦੀ ਸੂਚੀ ਬਣਾਓ। ਇਕ ਮਹੀਨੇ ਵਿੱਚ ਤੁਸੀਂ ਹਰੇਕ ਸਾਧਨ ਤੋਂ ਜੋ ਪ੍ਰਾਪਤ ਕਰਦੇ ਹੋ ਉਸ ਨੂੰ ਜੋੜੋ।

ਇਹ ਤੁਹਾਡੀ ਕੁੱਲ ਮਾਸਿਕ ਆਮਦਨ ਹੈ।

**ਸਟੈਪ 3 - ਖਰਚ.** ਖਰਚ ਦੀਆਂ ਸਾਰੀਆ ਸ਼੍ਰੇਣੀਆਂ ਦੀ ਸੂਚੀ ਤਿਆਰ ਕਰੋ। ਪਹਿਲਾਂ ਨਿਰਧਾਰਿਤ ਖ਼ਰਚਿਆਂ ਦੀ ਰਕਮ ਭਰੋ। ਇਹ ਆਮਤੌਰ ਤੇ ਬਿਲਾਂ ਦੇ ਖ਼ਰਚ ਹੁੰਦੇ ਹਨ ਅਤੇ ਹਰ ਮਹੀਨੇ ਇਕੋ ਜਿਹੇ ਰਹਿੰਦੇ ਹਨ। ਉਸ ਤੋਂ ਬਾਅਦ, ਅੰਦਾਜ਼ਾ ਲਗਾਉਣ ਦੀ ਕੋਸ਼ਿਸ਼ ਕਰੋ ਕਿ ਤੁਸੀਂ ਅਸਥਾਈ ਸ਼੍ਰੇਣੀਆਂ ਤੇ ਕਿੰਨ੍ਹਾਂ ਖ਼ਰਚ ਕਰੋਗੇ।

**ਮੌਸਮ ਅਨੁਸਾਰ ਖਰਚ:** ਇਸ ਵਿੱਚ ਸ਼ਾਮਿਲ ਹਨ ਸਲਾਨਾ ਬੀਮੇ ਦੀ ਕੀਮਤ, ਸਕੂਲ ਪਰਤਣ ਲਈ ਬੱਚਿਆਂ ਦੇ ਕਪੜੇ ਜਾਂ ਛੁੱਟੀਆਂ ਲਈ ਤੋਹਫ਼ੇ। ਇਸ ਸ਼੍ਰੇਣੀ ਲਈ ਪੂਰੇ ਸਾਲ ਵਿੱਚ ਖਰਚ ਹੋਣ ਵਾਲੀ ਰਕਮ ਨੂੰ 12 ਹਿੱਸਿਆਂ ਵਿੱਚ ਵੰਡ ਕੇ ਪ੍ਰਤੀ ਮਹੀਨੇ ਦੀ ਔਸਤ ਕੱਢ ਲਵੋ। ਇਸ ਨੂੰ ਸਥਾਈ ਖਰਚ ਦੀ ਤਰ੍ਹਾਂ ਆਪਣੇ ਮਾਸਿਕ ਬਜਟ ਵਿੱਚ ਸ਼ਾਮਿਲ ਕਰੋ।

**ਉਦਾਹਰਣ:** ਜਿਸ ਤਰ੍ਹਾਂ, ਤੁਸੀਂ ਕਾਰ ਦੇ ਬੀਮੇ ਲਈ $800 ਦਾ ਬਿਲ ਹਰ ਸਾਲ ਪ੍ਰਾਪਤ ਕਰਦੇ ਹੋ। $800 ਨੂੰ 12 ਨਾਲ ਤਕਸੀਮ ਕਰੋ। ਤੁਹਾਡੇ ਕੋਲ $66.67 ਰਹਿ ਜਾਣਗੇ। ਕਾਰ ਲਈ ਇਹ ਤੁਹਾਡਾ ਮਹੀਨੇ ਦਾ ਸਥਾਈ ਖਰਚ ਹੈ।

**ਪਹਿਲਾਂ ਆਪਣੇ ਲਈ ਭੁਗਤਾਨ ਕਰੋ:** ਜੇਕਰ ਤੁਸੀਂ ਕਿਸੇ ਉਦੇਸ਼ ਲਈ ਪੈਸੇ ਬਚਾਉਣਾ ਚਾਹੁੰਦੇ ਹੋ, ਤਾਂ ਉਸ ਦੀ ਕੁੱਲ ਕੀਮਤ ਨੂੰ ਜਿੰਨ੍ਹੇ ਮਹੀਨਿਆਂ ਵਿੱਚ ਤੁਸੀਂ ਬਚਾਉਣਾ ਚਾਹੁੰਦੇ ਹੋ, ਉਸ ਨੰਬਰ ਨਾਲ ਤਕਸੀਮ ਕਰੋ। ਇਸ ਰਕਮ ਨੂੰ ਆਪਣੇ ਬਜਟ ਦੇ ਸਥਾਈ ਖ਼ਰਚ ਵਿੱਚ ਸ਼ਾਮਿਲ ਕਰੋ

**ਉਦਾਹਰਣ:** ਡੇਢ ਸਾਲ ਵਿੱਚ ਤੁਸੀਂ ਇਕ ਨਵਾਂ ਕੰਪਿਊਟਰ ਖ਼ਰੀਦਨਾ ਚਾਹੁੰਦੇ ਹੋ। ਇਹ ਤੁਹਾਨੂੰ $1000 ਵਿੱਚ ਪਵੇਗਾ। ਇਸ ਨੂੰ ਤੁਸੀਂ 18 ਮਹੀਨਿਆਂ ਨਾਲ ਤਕਸੀਮ ਕਰੋ। ਇਸ ਨਾਲ 55.56 ਡਾਲਰ ਪ੍ਰਤੀ ਮਹੀਨਾ ਰਹਿ ਜਾਂਦਾ ਹੈ। ਬਜਟ ਵਿੱਚ ਇਹ ਤੁਹਾਡੇ ਉਦੇਸ਼ ਪੂਰਤੀ ਦੇ ਖਰਚ ਲਈ ਸਥਾਈ ਮਾਸਿਕ ਬਚਤ ਹੈ।

**ਬਚਤਾਂ ਦੇ ਨੁਕਤੇ:** ਤੁਸੀਂ ਮੌਸਮੀ ਖਰਚ ਅਤੇ ਉੱਦੇਸ਼ ਲਈ ਬਚਤ ਦੀ ਰਕਮ ਨੂੰ ਖਰਚ ਦੇ ਖ਼ਾਤੇ ਵਿੱਚੋਂ ਕੱਢ ਕੇ ਇੱਕ ਵੱਖਰੇ ਬਚਤ ਖ਼ਾਤੇ ਵਿੱਚ ਪਾ ਦਿਓ। ਜੇ ਤੁਸੀਂ ਇਸ ਤਰ੍ਹਾਂ ਹਰ ਮਹੀਨੇ ਕਰੋਗੇ ਤਾਂ ਪੈਸੇ ਇਕੱਠੇ ਹੋਣੇ ਸ਼ੁਰੂ ਹੋ ਜਾਣਗੇ। ਇਸ ਤਰ੍ਹਾਂ ਜਦੋ ਤੁਹਾਨੂੰ ਖਰਚ ਕਰਨ ਦੀ ਜ਼ਰੂਰਤ ਹੋਵੇ ਇਸ ਵਿੱਚੋਂ ਪੈਸੇ ਮਿਲ ਜਾਣਗੇ।

**ਸਟੈਪ 4 – ਹਿਸਾਬ ਕਰੋ**

ਮਹੀਨੇ ਦੇ ਆਪਣੇ ਸਾਰੇ ਖਰਚ ਜਮਾ ਕਰੋ। ਇਸ ਰਕਮ ਨੂੰ ਮਹੀਨੇ ਦੀ ਕੁੱਲ ਆਮਦਨ ਵਿੱਚੋਂ ਘਟਾ ਦਿਓ। ਕੀ ਕੋਈ ਪੈਸਾ ਬੱਚਿਆ ਹੈ? ਜਾਂ ਤੁਸੀਂ ਆਮਦਨ ਤੋਂ ਵੱਧ ਖਰਚ ਕਰ ਰਹੇ ਹੋ?

**ਸਟੈਪ 5 - ਆਪਣੇ ਬਜਟ ਤੇ ਮੁੜ੍ਹ ਵਿਚਾਰ ਕਰੋ**

ਜੇਕਰ ਤੁਹਾਡੇ ਖਰਚ ਆਮਦਨ ਨਾਲੋਂ ਜ਼ਿਆਦਾ ਹਨ, ਇਮਾਨਦਾਰੀ ਅਤੇ ਵਾਸਤਵਿਕਤਾ ਨਾਲ ਸੋਚੋ। ਤੁਸੀਂ ਖਰਚਿਆਂ ਵਿੱਚ ਕਿਥੋਂ ਕਟੌਤੀ ਕਰ ਸਕਦੇ ਹੋ? ਕਿਥੋਂ ਤੁਸੀਂ ਆਮਦਨ ਵਧਾ ਸਕਦੇ ਹੋ?ਕੀ ਤੁਹਾਨੂੰ ਆਪਣੇ ਬਚਤਾਂ ਦੇ ਉਦੇਸ਼ ਬਦਲਣੇ ਚਾਹੀਦੇ ਹਨ?